ISSN: 2584-0231(Online)
International Journal of Multidisciplinary Research in Arts, Science and Technology
Volume 4 | Issue 5 | May 2026
Available online at: https://ijmrast.com
DOI: https://doi.org/10.59828/ijmrast.v4i5.277

# ਗੁਰਬਾਣੀ ਅਧਿਆਤਮਕਤਾ, ਵਾਸਤਵਿਕ ਜੀਵਨ-ਜਾਚ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ

# Gurbani Adhyatmakta, Vastvik Jeevan-Jaach Ate Sri Guru Teg Bahadur Sahib

**ਡਾ. ਬੇਅੰਤ ਕੌਰ (Dr. Beant Kaur)**
ਸਹਾਇਕ ਪ੍ਰੋਫ਼ੈਸਰ, ਪੋਸਟ ਗਰੈਜੂਏਟ ਪੰਜਾਬੀ ਵਿਭਾਗ (Assistant Professor, PG Deppt. of Punjabi)
ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ 26, ਚੰਡੀਗੜ੍ਹ।
**ਈ-ਮੇਲ**: beantkaur016@gmail.com

## Abstract (ਸਾਰ)

ਸਮੁੱਚੇ ਰੂਪ ਵਿਚ ਵਿਚਾਰਦਿਆਂ ਕਿਹਾ ਜਾ ਸਕਦਾ ਹੈ ਕਿ, ਜੀਵਨ ਨੂੰ ਇਹਦੇ ਅਸਲੇ ਨਾਲ ਜੋੜਨ ਦਾ ਪਹਿਲਾ ਕਦਮ ਦਿਖਾਵੇਬਾਜ਼ੀ ਤੋਂ ਉੱਪਰ ਉੱਠ ਕੇ ਸਾਦਗੀ ਅਤੇ ਕਿਰਤ ਕਰਮ ਵਿਚ ਰੁੱਝ ਕੇ ਅਪਣਾਉਣ ਨਾਲ ਹੀ 'ਨਿਰਭਉ' ਅਤੇ 'ਨਿਰਵੈਰੁ' ਹੋ ਕੇ ਦੇਖਿਆ ਜਾ ਸਕਦਾ ਹੈ। ਜਿਥੇ ਜਾ ਕੇ ਊਚ-ਨੀਚ, ਵੱਡੇ-ਛੋਟੇ, ਇਸਤਰੀ-ਮਰਦ ਆਦਿ ਦੇ ਸਮੁੱਚੇ ਭੇਦ-ਭਾਵ ਮਿਟ ਜਾਣ ਜਾਂ ਖ਼ਤਮ ਹੋ ਜਾਣ। ਸੰਬੰਧਿਤ ਖੋਜ ਪੇਪਰ ਦਾ ਮਨੋਰਥ ਕੇਵਲ ਅਧਿਆਤਮਿਕਤਾ ਦੇ ਮਾਰਗ ਰਾਹੀਂ ਵਾਸਤਵਿਕ ਜੀਵਨ ਜਿਊਣ ਦੀ ਜਾਂਚ ਤਰਜ਼ ਏ ਜ਼ਿੰਦਗੀ ਉੱਤੇ ਆਧਾਰਿਤ ਹੈ, ਭਾਵ "ਕਿਵ ਸਚਿਆਰਾ ਹੋਈਐ..." ਕਿ ਸੰਸਾਰ ਅੰਦਰ ਰਹਿੰਦਿਆਂ ਇਕ ਮਨੁੱਖ ਨੂੰ ਕਿਹੋ-ਜਿਹਾ ਜੀਵਨ ਜਿਊਣਾ ਚਾਹੀਦਾ ਹੈ ਤਾਂ ਜੋ ਸਚਿਆਰੇ ਮਨੁੱਖ ਭਾਵ ਚੰਗੇ ਇਨਸਾਨ ਬਣ ਸਕੀਏ। ਪੂਰਨ ਰੂਪ ਵਿਚ ਗੁਰਬਾਣੀ ਅਨੁਸਾਰ ਜੀਵਨ ਨੂੰ ਢਾਲਣਾ ਹਾਰੀ-ਸਾਰੀ (ਹਰ ਆਮ) ਦਾ ਕੰਮ ਨਹੀਂ, ਪਰ ਫਿਰ ਵੀ ਇਨਸਾਨ ਇਸ ਫ਼ਾਨੀ ਸੰਸਾਰ ਵਿਚ ਕੀ ਕਰਨ ਆਇਆ ਹੈ? ਕੀ ਕਰ ਰਹੀ ਹੈ ਅਤੇ ਉਹਨੇ ਏਹ ਸੰਸਾਰ ਤੋਂ ਕੀ ਲੈ ਕੇ ਜਾਣਾ ਹੈ? ਗੁਰਬਾਣੀ ਦੇ ਅਸੀਂ ਕਿਨ੍ਹਾਂ ਕੁ ਨੇੜੇ ਹਾਂ, ਇਹ ਜਾਨਣ ਲਈ ਸਾਨੂੰ ਆਪਣੇ ਜੀਵਨ ਅਮਲਾਂ ਦੀ ਸਮੁੱਚੀ ਛਾਣ-ਬੀਣ ਕਰਨੀ ਅਤਿ ਜ਼ਰੂਰੀ ਹੋਵੇਗੀ। ਸੋ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਹਿਬਾਨਾਂ ਦੇ ਸਮੁੱਚੇ ਗੁਰੂ ਜੀਵਨ ਤੋਂ ਇਸਦੀ ਪ੍ਰੇਰਨਾ ਲਈ ਜਾ ਸਕਦੀ ਹੈ ਤਾਂ ਜੋ ਜੀਵਨ ਨੂੰ ਸਾਦਗੀ ਦੇ ਨੇੜੇ ਲਿਆ ਸਕੀਏ, ਪਦਾਰਥਕਤਾਂ ਤੋਂ ਉੱਪਰ ਉੱਠ ਕੇ ਸ੍ਰਿਸ਼ਟੀ ਦੀ ਸਿਰਜਨਾਤਮਕ ਸ਼ਕਤੀ ਦਾ ਅਨੁਭਵ ਵੀ ਕਰ ਸਕੀਏ, ਭਾਵੇਂ ਇਸ ਪਰਚੇ ਰਾਹੀਂ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਨੂੰ ਆਧਾਰ ਬਣਾਇਆ ਹੈ ਪਰੰਤੂ ਇਨ੍ਹਾਂ ਤੱਥਾਂ ਦੀ ਰੂਪਮਾਨਗੀਂ ਗੁਰੂ ਨਾਨਕ ਸਾਹਿਬ ਤੋਂ ਲੈ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਸਮੁੱਚੇ ਗੁਰੂ ਜੀਵਨ ਵਿਚ ਦ੍ਰਿਸ਼ਟਮਾਨ ਹੋ ਰਹੀ ਹੈ।

**ਕੀਵਰਡਸ (Keywords):** ਸਚਿਆਰਾ ਮਨੁੱਖ, ਮੁੱਲਵਾਨ ਤੋਂ ਅਮੁੱਲਤਾ, ਪਵਿੱਤਰ ਜੀਵਨ, ਅਮਲ, ਸਾਦਗੀ, ਨਿਰਭਉ ਅਤੇ ਨਿਰਵੈਰ।

## ਭੂਮਿਕਾ: ਗੁਰਬਾਣੀ ਅਤੇ ਅਧਿਆਤਮਕਤਾ

ਭਾਵੇਂ ਗੁਰਬਾਣੀ ਦੇ ਸ਼ਾਬਦਿਕ ਅਰਥ ਗੁਰੂ ਦੇ ਮੁੱਖ ਤੋਂ ਨਿਕਲੀ ਜਾਂ ਉਚਾਰਨ ਕੀਤੀ, ਬੋਲੀ ਜਾਂ ਬਾਣੀ ਕੀਤੇ ਜਾਂਦੇ ਹਨ, ਪਰੰਤੂ ਗੁਰਬਾਣੀ ਦੀ ਅਥਾਹ ਗਹਿਰਾਈ ਦਰਸਾਉਂਦੀ ਹੈ ਕਿ ਇਸ ਦਾ ਸਿੱਧਾ ਸੰਬੰਧ ਅਜਿਹੀ ਉੱਚੀ ਸੁਰਤਿ ਨਾਲ ਹੈ ਜਿਹੜੀ ਵਿਸ਼ਵਵਿਆਪੀ ਹੈ ਅਤੇ ਇਸ ਅੰਦਰ ਉਹ ਅਨੰਤਤਾ ਹੈ ਜਿਸਦੀ ਹਰ ਸਮੇਂ ਬ੍ਰਹਿਮੰਡ ਦੀ ਹਰੇਕ ਗਹਿਰਾਈ ਅਤੇ ਸੂਖ਼ਮਤਾ ਤੱਕ ਪਹੁੰਚ ਹੈ। ਜਦ ਵੀ ਕਦੇ ਸਦੀਆਂ ਤੋਂ ਚਲੇ ਆ ਰਹੇ ਜੀਵਨ ਵਿਚ ਪੂਰਨਤਾ ਨੂੰ ਦੇਖਿਆ ਗਿਆ, ਤਾਂ ਉਹ ਪੀਰ ਫ਼ਕੀਰ, ਸੰਤ, ਮਹਾਤਮਾ, ਸਾਧੂ, ਬ੍ਰਹਮਗਿਆਨੀ ਦੇ ਰੁਤਬੇ ਨੂੰ ਹਾਸਿਲ ਹੈ। ਭਾਵ ਅਜਿਹੀ ਸੁਰਤਿ ਦਾ ਰੱਤੀ ਭਰ ਵੀ ਜਿਸ ਕਿਸੇ ਦੇ ਹਿੱਸੇ ਆਇਆ, ਉਹਦੇ ਜੀਵਨ ਦੀਆਂ ਅਨੇਕਾਂ ਬੁਲੰਦੀਆਂ ਨੂੰ ਬੇਨਕਾਬ ਕਰਦਾ ਰਿਹਾ। ਦੂਜੇ ਸ਼ਬਦਾਂ ਵਿਚ, ਸੁਰਤਿ ਦੇ ਨਾਲ ਕੋਈ ਮਨੁੱਖ ਕੇਵਲ ਇਕ ਨੇਕ ਇਨਸਾਨ, ਨੇਕ ਡਾਕਟਰ, ਨੇਕ ਵਕੀਲ, ਨੇਕ ਅਧਿਆਪਕ, ਚੰਗਾ ਵਿਗਿਆਨੀ, ਖੋਜੀ ਜਾਂ ਗੁਣੀ ਹੋ ਸਕਦਾ ਹੈ ਤਾਂ ਇਹ ਵੀ ਕੋਈ ਛੋਟੀ ਪ੍ਰਾਪਤੀ ਨਹੀਂ ਹੈ। ਇਹਦੇ ਤੁਲ ਉੱਚੀ ਸੁਰਤਿ ਬਹੁਤ ਵਿਆਪਕ ਹੈ; ਇਹ ਤਾਂ ਅਜਿਹੀ ਪਹੁੰਚ ਹੈ ਜਿਹੜੀ ਅਨੇਕਤਾ ਦੀ ਧਾਰਨੀ ਹੈ, ਅਸੀਮ ਹੈ, ਸੁਤੰਤਰ ਹੈ ਅਤੇ ਆਪਣੇ-ਆਪ ਵਿਚ ਸਭ ਕੁਝ ਹੈ; ਜਿਹੜੀ

ਰਹੱਸਮਈ, ਪ੍ਰਤੱਖ ਵੀ, ਰੰਗਾਂ ਵਿਚ ਅਤੇ ਬੇਰੰਗ ਵੀ, ਮੁੱਲਵਾਨ ਵੀ ਅਤੇ ਅਮੁੱਲ ਹੋ ਕੇ ਵਿਚਰਦੀ ਰਹਿੰਦੀ ਹੈ, ਇਥੇ ਪ੍ਰਮਾਣਿਕਤਾ ਲਈ ਉਪਰੋਕਤ ਸੰਦਰਭ ਵਿਚ ਅਸੀਂ ਪ੍ਰੋ. ਗੁਲਵੰਤ ਸਿੰਘ ਜੀ ਦੇ ਖ਼ਿਆਲ ਨੂੰ ਹਵਾਲੇ ਵਜੋਂ ਦਰਸਾਉਂਦੇ ਹਾਂ:

*"ਅਧਿਆਤਮਿਕਤਾ, ਚਿੰਤਨ ਅਤੇ ਕਰਮਾਚਾਰ ਨਿਤਾਪ੍ਰਤੀ ਦੇ ਜੀਵਨ ਦੀ ਇਕ ਵਿਸ਼ੇਸ਼ ਜੁਗਤ ਹੈ। ਜਿਥੋਂ ਤੱਕ ਚਿੰਤਨ ਅਤੇ ਚੇਤਨਾ ਦਾ ਸੰਬੰਧ ਹੈ ਅਧਿਆਤਮਕਤਾ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਦੇਸ਼ ਕਾਲ ਵਿਚ ਸੀਮਿਤ ਪਸਾਰੇ ਚੰਦ, ਸੂਰਜ, ਧਰਤ, ਗਗਨ ਦੀ ਵਾਸਤਵਿਕਤਾ ਤੋਂ ਨਿਆਰੀ ਇਕ ਹੋਰ ਵਾਸਤਵਿਕਤਾ ਵੀ ਹੈ ਜੋ ਸੁਤੰਤਰ ਤੇ ਸਦੀਵੀ ਹੈ। ਉਸ ਵਾਸਤਵਿਕਤਾ ਜਾਂ ਹਕੀਕਤ ਦੀ ਤਲਬ ਜਿਗਿਆਸਾ ਅਤੇ ਉਸ ਹਕੀਕਤ ਦਾ ਗਿਆਨ ਅਧਿਆਤਮਿਕਤਾ ਦੇ ਮੰਡਲ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ।"[1]*

ਇਸ ਖੋਜ ਪੇਪਰ ਦਾ ਮਨੋਰਥ ਕੇਵਲ ਅਧਿਆਤਮਿਕਤਾ ਨੂੰ ਦਰਸਾਉਣਾ ਹੀ ਨਹੀਂ ਹੈ ਬਲਕਿ ਵਾਸਤਵਿਕ ਜੀਵਨ ਜਿਉਣ ਦੀ ਜਾਂਚ ਤਰਜ਼ ਏ ਜ਼ਿੰਦਗੀ ਉੱਤੇ ਆਧਾਰਿਤ ਹੈ, ਭਾਵ *"ਕਿਵ ਸਚਿਆਰਾ ਹੋਈਐ..."[2]* ਕਿ ਸੰਸਾਰ ਅੰਦਰ ਰਹਿੰਦਿਆਂ ਇਕ ਮਨੁੱਖ ਨੂੰ ਕਿਹੋ-ਜਿਹਾ ਜੀਵਨ ਜਿਉਣਾ ਚਾਹੀਦਾ ਹੈ ਤਾਂ ਜੋ ਸਚਿਆਰੇ ਮਨੁੱਖ ਭਾਵ ਚੰਗੇ ਇਨਸਾਨ ਬਣ ਸਕੀਏ। ਇਥੇ 'ਜਪੁਜੀ ਸਾਹਿਬ' ਦੀ ਬਾਣੀ ਅੰਦਰ:

*"ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥"[3]*

ਨੂੰ ਵੀ ਵਿਚਾਰਿਆ ਜਾ ਸਕਦਾ ਹੈ। ਹਰੇਕ ਮਨੁੱਖ ਨੇ ਸੰਸਾਰ ਵਿਚ ਰਹਿੰਦਿਆਂ ਹੀ ਜੀਵਨ ਨੂੰ ਜਿਉਣਾ ਹੈ, ਮਾਨਣਾ ਹੈ, ਇਹ ਵੀ ਉਸ ਦੇ ਆਪਣੇ ਹੱਥ ਵਿਚ ਹੈ ਕਿ ਉਹ ਕਿਸ ਪੱਧਰ ਦੇ ਜੀਵਨ ਨੂੰ ਜੀਉਂਦਾ ਹੈ। ਪ੍ਰੋਫ਼ੈਸਰ ਕਿਸ਼ਨ ਸਿੰਘ ਆਪਣੀ ਪੁਸਤਕ 'ਸਚੁ ਪੁਰਾਣਾ ਨਾ ਥੀਐ' ਵਿਚ ਇਕ ਥਾਂ ਤਰਜ਼ ਏ ਜ਼ਿੰਦਗੀ ਬਾਰੇ ਲਿਖਦੇ ਹਨ ਕਿ:

*"ਸੰਸਾਰ ਵਿਚ ਰਸਤੇ ਹੀ ਦੋ ਹਨ। ਇਕ ਗੁਰਬਾਣੀ ਵਾਲੇ ਰੱਬ ਨਾਲ ਪਿਆਰ ਦਾ, ਜਿਥੇ ਸਮਾਜ ਵਿਚ ਬੰਦੇ ਦੀ ਪਹਿਲ ਹੈ ਅਤੇ ਦੂਸਰਾ ਮਾਇਆ ਦੇ ਪਿਆਰ ਦਾ, ਜਿਥੇ ਪੈਸੇ, ਪਦਾਰਥਾਂ ਦੀ ਬੰਦੇ ਉੱਤੇ ਸਰਦਾਰੀ ਹੈ। ਪੈਦਾਵਾਰ ਦੇ ਵਸੀਲੇ, ਬੰਦੇ ਦੀ ਜ਼ਿੰਦਗੀ ਦੇ ਵਸੀਲੇ ਮੂਲ ਰੂਪ ਵਿਚ ਸਿਰਫ਼ ਦੋ ਹੀ ਸ਼ਕਲਾਂ ਵਿਚ ਮੁਮਕਿਨ ਹਨ। ਪ੍ਰਾਈਵੇਟ ਮਲਕੀਅਤ ਦੀ ਸ਼ਕਲ ਵਿਚ, ਪ੍ਰਾਈਵੇਟ ਜਾਇਦਾਦ ਦੀ ਸੰਸਥਾ ਦੇ ਰੂਪ ਵਿਚ ਤੇ ਸਰਬੱਤ ਦੀ ਸਾਂਝੀ ਮਲਕੀਅਤ ਦੀ ਸ਼ਕਲ ਵਿਚ। ਇਹ ਆਪਸ ਵਿਚ ਵਿਰੋਧੀ ਆਰਥਕ ਨੀਹਾਂ ਹਨ ਆਪਸ ਵਿਚ ਵਿਰੋਧੀ ਤਰਜ਼ੇ–ਜ਼ਿੰਦਗੀਆਂ ਦੀਆਂ।"[4]*

## ਵਾਸਤਵਿਕ ਜੀਵਨ-ਜਾਚ ਅਤੇ ਅਮਲ

ਬੇਸ਼ੱਕ ਪੂਰਨ ਰੂਪ ਵਿਚ ਗੁਰਬਾਣੀ ਅਨੁਸਾਰ ਜੀਵਨ ਨੂੰ ਢਾਲਣਾ ਹਾਰੀ-ਸਾਰੀ ਦਾ ਕੰਮ ਨਹੀਂ, ਪਰ ਫਿਰ ਵੀ ਸਿੱਧੇ ਸ਼ਬਦਾਂ ਵਿਚ ਇਥੇ ਇਹ ਕਹਿਣ ਤੋਂ ਗੁਰੇਜ਼ ਨਹੀਂ, ਕਿ ਉਦੋਂ ਪੜ੍ਹੇ–ਲਿਖੇ ਹੋਣਾ ਵੀ ਇਕ ਗੁਸਤਾਖ਼ੀ ਹੀ ਹੋਵੇਗੀ, ਜਿਵੇਂ ਕਿ ਜੇ ਅਸੀਂ ਏਨ੍ਹਾਂ ਕੁ ਵੀ ਨਹੀਂ ਜਾਣ ਸਕਦੇ ਕਿ ਇਨਸਾਨ ਇਸ ਫ਼ਾਨੀ ਸੰਸਾਰ ਵਿਚ ਕੀ ਕਰਨ ਆਇਆ ਹੈ? ਕੀ ਕਰ ਰਹੀ ਹੈ ਅਤੇ ਉਹਨੇ ਏਹ ਸੰਸਾਰ ਤੋਂ ਕੀ ਲੈ ਕੇ ਜਾਣਾ ਹੈ? ਗੁਰਬਾਣੀ ਦੇ ਅਸੀਂ ਕਿਨ੍ਹਾਂ ਕੁ ਨੇੜੇ ਹਾਂ, ਇਹ ਜਾਨਣ ਲਈ ਸਾਨੂੰ ਆਪਣੇ ਜੀਵਨ ਅਮਲਾਂ ਦੀ ਸਮੁੱਚੀ ਛਾਣ-ਬੀਣ ਕਰਨੀ ਅਤਿ ਜ਼ਰੂਰੀ ਹੋਵੇਗੀ।

*"ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥"[5]*

*"ਫ਼ਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥"[6]*

ਇਥੇ 'ਅਮਲ ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਕਰਮ ਜਾਂ ਵਿਚਰਨਾ ਹੈ, ਭਾਵੇਂ ਗੁਰਬਾਣੀ ਵਿਚੋਂ ਤਾਂ ਅਜਿਹੇ ਅਨੇਕਾਂ ਹਵਾਲੇ ਪੇਸ਼ ਕੀਤੇ ਜਾ ਸਕਦੇ ਹਨ; ਪਰੰਤੂ ਹੁਣ ਅਸੀਂ ਸਾਡੇ ਸਮਾਜਿਕ ਜੀਵਨ ਵਿਚੋਂ ਅਸਲ ਸੱਚ ਨੂੰ ਪੰਛੀ-ਝਾਤ ਰਾਹੀਂ ਇਥੇ ਦੇਖਣ ਦਾ ਯਤਨ ਕਰਦੇ ਹਾਂ। ਜਿਵੇਂਕਿ ਇਸ ਫ਼ਾਨੀ ਦੁਨੀਆ ਅੰਦਰਲਾ ਅਜੋਕਾ ਜੀਵਨ ਹੈ ਇਹ ਤਾਂ ਵਧੇਰੇ ਕਰਕੇ ਅਸਲ ਸੱਚ ਤੋਂ ਕੋਹਾਂ ਹੀ ਦੂਰ ਹੈ। ਜਦੋਂ ਇਥੇ ਇਹ ਦੇਖਣ ਵਿਚ ਆਉਂਦਾ ਹੈ ਕਿ ਅਜੋਕੇ ਸਮੇਂ ਵਿਚ ਹਰੇਕ ਗਰੀਬ, ਅਮੀਰ ਦਾ ਆਪਣੇ ਘਰ ਵਿਚ ਖੁੱਲਾ ਵੇਹੜਾ ਹੋਣ ਜਾਂ ਨਾਂਹ ਹੋਣ ਕਰਕੇ ਆਪਣੀ ਖੁਸ਼ੀ ਜਾਂ ਗ਼ਮੀ ਨੂੰ ਕਿਸੇ ਸਾਂਝੀ ਥਾਂ ਉੱਤੇ ਇਕੱਠੇ ਹੋ ਕੇ ਵੰਡਣ ਦਾ ਕੇਵਲ ਲੋਕ ਦਿਖਾਵਾ ਹੀ ਹੈ, ਜੇਕਰ ਅਸੀਂ ਗੁਰਬਾਣੀ ਦੀ ਗੱਲ ਹੀ ਕਰੀਏ ਤਾਂ ਗੁਰਦੁਆਰੇ ਜਾ ਕੇ ਪਾਠ ਰੱਖਵਾਉਣਾ ਜਾਂ ਮੱਥਾ ਟੇਕਣਾ ਅਤੇ ਹੋਰ ਰਸਮਾਂ ਕਰ ਲੈਣੀਆਂ ਸੋਹਣਾ ਤਾਂ ਜ਼ਰੂਰ ਲੱਗਦਾ ਹੈ ਏਸ ਕਰਕੇ ਮੁੱਲਵਾਨ ਵੀ ਹੈ। ਦੂਸਰੇ ਪਾਸੇ, ਅਮੀਰਾਂ ਦਾ ਆਪਣੇ ਘਰਾਂ ਦੀ ਚੰਗੀ ਸਜਾਵਟ ਕਰ ਕੇ ਘਰਾਂ ਵਿਚ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਪਾਠ ਜਾਂ ਅਖੰਡ ਪਾਠ ਰੱਖਵਾਉਣਾ, ਜਪੁਜੀ ਦੀਆਂ ਪਹਿਲੀਆਂ ਪੰਜ ਪਉੜੀਆਂ ਸੁਨਣ ਉਪਰੰਤ ਪਾਠੀ ਸਿੰਘ ਨੂੰ ਤਗੀਦ ਕਰ ਕੇ, ਸਮੇਂ ਸਿਰ ਪਾਠ ਦਾ ਭੋਗ ਪਾਉਣਾ, ਕੀਰਤਨ ਕਰਨਾ ਆਦਿ ਚੰਗਾ ਅਤੇ ਸੋਹਣਾ ਤਾਂ ਲੱਗਦਾ ਹੈ, ਏਸ ਕਰਕੇ ਮੁੱਲਵਾਨ ਹੈ।

ਪਰੰਤੂ ਜਿਸ ਕਿਸੇ ਨੇ ਵੀ ਜੀਵਨ ਦੇ ਇਹ ਮੁੱਲਵਾਨ ਤੋਂ ਅਮੁੱਲਤਾ ਤੱਕ ਦੇ ਵੱਡੇ ਪੈਂਡੇ ਨੂੰ ਤਹਿ ਕਰਨਾ ਚਾਹਿਆ ਹੈ, ਉਹਦੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲਾ ਚੁੱਕ ਕੇ ਇਸ ਅੰਦਰਲੀ ਗੁਰਬਾਣੀ ਨੂੰ ਆਪ ਪੜ੍ਹਨਾ, ਆਪ ਵਿਚਰਨਾ ਫਿਰ ਵਿਚਰਨ ਉਪਰੰਤ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦੇਸ਼ ਅਨੁਸਾਰ ਆਪਣੇ ਜੀਵਨ ਅਮਲ ਵਿਚ ਲਿਆਉਣਾ ਅਤੇ ਆਪਣੇ ਖਿਆਲ ਦਾ ਅਟੁੱਟ ਹਿੱਸਾ ਬਣਾਉਣਾ ਵੀ ਅਤਿ ਜ਼ਰੂਰੀ ਹੋਵੇਗਾ। ਜਦੋਂ ਇਹ ਸਾਡੇ ਖ਼ਿਆਲ ਦਾ ਹਿੱਸਾ ਬਣ ਜਾਵੇ ਤਾਂ ਗੁਰਬਾਣੀ ਸਾਡੇ ਨਾਲ ਆਪ ਤੁਰਦੀ ਹੈ ਅਤੇ ਉਦੋਂ ਸਾਡਾ ਹਰ ਕਦਮ ਸੱਚ ਦੀ ਰਾਹ ਵੱਲ ਆਪਣੇ ਆਪ ਵੱਧਦਾ ਹੈ। ਫਿਰ ਅਜਿਹੇ ਹੱਥ ਜ਼ੁਲਮ

ਦਾ ਨਾਸ਼ ਕਰਨ ਲਈ ਹੀ ਉੱਠਦੇ ਹਨ ਅਤੇ ਉਦੋਂ ਅਜਿਹੇ ਜ਼ੁਬਾਨ ਵੀ ਦਿਲਾਂ ਨੂੰ ਸਕੂਨ ਪ੍ਰਦਾਨ ਕਰਨ ਲਈ ਹੀ ਖੁੱਲਦੀ ਹੈ। ਅਜਿਹੇ ਬਖ਼ਸ਼ਿਸ਼ ਕਰਨ ਵਾਲਾ ਵੀ ਅਕਾਲ ਪੁਰਖ ਆਪ ਹੈ, ਜਿਸ ਉੱਤੇ ਉਹਦੇ ਨਦਰ ਹੋਵੇਗੀ, ਉਹਨੂੰ ਹੀ ਇਹਦਾ ਹਾਸਿਲ ਹੈ।

*"ਜਿਸ ਨੋ ਬਖਸੇ ਸਿਫਤ ਸਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥"[7]*

ਦੂਸਰੇ ਦੇ ਗੁਣਾਂ ਨੂੰ ਆਪਣੀ ਦ੍ਰਿਸ਼ਟੀ ਰਾਹੀਂ ਪਹਿਚਾਣ ਕੇ ਉਹਦੀ ਕਦਰ ਜਾਂ ਮੁੱਲ ਪਾਉਣਾ (Deep Goodness) ਵੀ ਉਦੋਂ ਹੀ ਸੰਭਵ ਹੋ ਸਕਦਾ ਹੈ, ਜਿਵੇਂ ਕਿ, ਇਹ ਅੱਖਾਂ ਦੀ ਜੋਤ ਹੈ, ਜਿਹੜੀ ਆਪਣੇ ਆਪ ਵਿਚ ਤਾਂ ਅਮੁੱਲ ਹੈ ਕਿਉਂਕਿ ਇਹਨੂੰ ਪ੍ਰਦਾਨ ਕਰਨ ਵਾਲਾ ਵੀ ਅਮੁੱਲ ਹੈ ਪਰ ਇਹ ਅੱਖਾਂ ਦੀ ਜੋਤ ਵੀ ਉਦੋਂ ਸੱਖਣੀ ਹੁੰਦੀ ਹੈ, ਜਦੋਂ ਇਹ ਦੂਜਿਆਂ ਦੀਆਂ ਕਮੀਆਂ ਉੱਤੇ ਹੀ ਵਧੇਰੇ ਕਰਕੇ ਜਾ ਟਿਕਦੀ ਹੋਵੇ। ਭਾਵ ਦੂਸਰਿਆਂ ਦੀਆਂ ਕਮੀਆਂ ਨੂੰ ਹੀ ਵਧੇਰੇ ਪਹਿਚਾਣਦੀ ਹੋਵੇ, ਫਿਰ ਇਹ ਨਿੰਦਿਆਂ ਵਿਚ ਹੀ ਪੈ ਕੇ ਰਹਿ ਜਾਂਦੀ ਹੈ ਅਤੇ ਫਿਰ ਉਦੋਂ ਸਿਫਤ ਸਲਾਹ ਵਾਲੀ ਨੇੜਤਾ ਤੱਕ ਅਸੀਂ ਨਹੀਂ ਪਹੁੰਚ ਸਕਦੇ। ਗੁਰਬਾਣੀ ਅਨੁਸਾਰ:

*"ਹਮਰੇ ਕਪਰੇ ਨਿੰਦਕੁ ਧੋਇ ॥ ਨਿੰਦਾ ਕਰੈ ਸੁ ਹਮਰਾ ਮੀਤ ॥"[8]*

ਸੋ, ਦੂਸਰਿਆਂ ਦੇ ਔਗੁਣਾਂ ਨੂੰ ਫ਼ਰੋਲਦੇ ਰਹਿਣ ਤੋਂ ਬਚਣਾ ਚਾਹੀਦਾ ਹੈ ਅਤੇ ਇਸਦੀ ਬਜਾਇ ਆਪਣੇ ਅਤੇ ਦੂਸਰਿਆਂ ਦੇ ਚੰਗੇ ਗੁਣਾਂ ਜਾਂ ਕਰਮਾਂ ਜਾਂ ਕੰਮਾਂ ਨੂੰ ਪਹਿਚਾਣ ਕੇ ਹੋਰ ਬਿਹਤਰ ਬਣਾਉਣਾ ਚਾਹੀਦਾ ਹੈ। ਇਸ ਲਈ ਅਸੀਂ ਆਪਣੀ ਦ੍ਰਿਸ਼ਟੀ ਅਤੇ ਹੋਰਨਾਂ ਸਮਰੱਥਾਵਾਂ ਨੂੰ, ਜੋ ਕਿ ਇਕ ਅਸੀਮ ਸ਼ਕਤੀ ਦੀ ਦੇਣ ਅਤੇ ਬਖ਼ਸ਼ਿਸ਼ ਦਾ ਰੂਪ ਹਨ, ਜਿਨ੍ਹਾਂ ਦਾ ਵਧੇਰੇ ਕਰਕੇ ਘਟਨਾ ਵੀ ਪਹਿਲਾ ਹੀ ਤਹਿ ਹੋ ਚੁੱਕਾ ਹੈ, ਉਹਨਾਂ ਦੀ ਚੰਗੇਰੀ ਵਰਤੋਂ ਕਰਦਿਆਂ ਕਦਰ ਅਤੇ ਸਿਫਤ ਸਲਾਹ ਦੇ ਰੂਪ ਵਿਚ ਆਪਣੇ ਜੀਵਨ ਅਮਲ ਵਿਚ ਲਿਆਉਣ ਲਈ ਹੀ ਯਤਨਸ਼ੀਲ ਰਹਿਣਾ ਚਾਹੀਦਾ ਹੈ। ਜਿਵੇਂਕਿ ਧਰਤੀ ਉੱਤੇ ਵੱਧ ਤੋਂ ਵੱਧ ਰੁੱਖ ਲਗਾਉਣੇ ਅਤੇ ਪਾਲਣੇ ਚਾਹੀਦੇ ਹਨ, ਜਿਸ ਨਾਲ ਕੁਦਰਤ ਅਤੇ ਕੁਦਰਤੀ ਵਾਤਾਵਰਨ ਦੀ ਸਾਂਭ–ਸੰਭਾਲ ਨਾਲ ਅਸੀਂ ਜੁੜਦੇ ਹਾਂ, ਉਥੇ ਹੀ ਕੁਦਰਤ ਦੀ ਪਾਕ–ਪਵਿੱਤਰਤਾ ਦਾ ਕੋਈ ਗਹਿਰਾ ਅਸਰ ਅਚੇਤ ਹੀ ਸਾਡੇ ਜੀਵਨ ਨੂੰ ਸਾਦਗੀ ਜਿਹੇ ਅਸਲੇ ਨਾਲ ਵੀ ਜੋੜਦਾ ਹੈ ਜਿਸ ਵਿਚ ਕੋਈ ਬਾਹਰੀ ਬਨਾਵਟ ਅਤੇ ਉਪਰੇਪਣ ਦਾ ਝਮੇਲਾ ਵੀ ਦੂਰ ਹੋਣਾ ਸ਼ੁਰੂ ਹੋ ਜਾਵੇਗਾ। ਉਦੋਂ ਅਸਲ ਵਿਚ ਗੁਰਬਾਣੀ ਅਨੁਸਾਰ *"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥"[9]* ਦਾ ਖ਼ਿਆਲ ਸਾਡੀ ਚੇਤਨਾ ਦਾ ਹਿੱਸਾ ਜ਼ਰੂਰ ਬਣੇਗਾ।

ਸ਼ਾਇਦ, ਅਜੋਕੇ ਸਮੇਂ ਨਾਲੋਂ ਪੁਰਾਣੇ ਸਮੇਂ ਵਿਚ ਮਨੁੱਖ ਦੀ ਸਮੁੱਚੀ ਸਮਰੱਥਾ ਵੀ ਏਸੇ ਕਰਕੇ ਹੀ ਵਧੇਰੇ ਰਹੀ ਹੋਵੇਗੀ, ਤਾਂਹੀਓ ਤਾਂ ਲੱਖੀ ਸ਼ਾਹ ਅਤੇ ਵਣਜਾਰੇ ਵਰਗੇ ਗੁਰੂ ਦੇ ਸਿੱਖ ਇੰਨੀਆਂ ਕਮਾਈਆਂ ਵਾਲੀਆਂ ਕਠਿਨ ਘਾਲਣਾ ਘਾਲ ਕੇ ਸਚਿਆਰੇ ਮਨੁੱਖ ਹੋਣ ਦਾ ਫਰਜ਼ ਅਦਾ ਕਰ ਗਏ ਪਰ ਦੂਜੇ ਪਾਸੇ ਜਿੰਨ੍ਹਾਂ ਅੱਜ ਦੇ ਇਹ ਸੁਖ–ਸਹੂਲਤਾਂ ਵਾਲੇ ਜੀਵਨ ਨੇ ਮਨੁੱਖ ਨੂੰ ਪ੍ਰਕਿਰਤੀ ਦੀ ਪਾਕ–ਪਵਿੱਤਰਤਾ ਨਾਲੋਂ ਤੋੜ ਦਿੱਤਾ ਹੈ, ਉਨ੍ਹਾਂ ਹੀ ਉਹ ਕਰੋਨਾ ਵਰਗੀਆਂ ਹੀ ਹੋਰ ਅਨੇਕਾਂ ਘਾਤਕ ਬਿਮਾਰੀਆਂ ਵਿਚ ਵੀ ਘਿਰਦਾ ਜਾ ਰਿਹਾ ਹੈ। ਜਿਨ੍ਹਾਂ ਦਾ ਸਿੱਟਾ ਅਤਿ ਦੁਖਾਂਤਕ ਹੈ।

## ਸ਼ਬਦ-ਗੁਰੂ ਅਤੇ ਸਮਾਜਿਕ ਸਮਾਨਤਾ

ਜੀਵਨ ਨੂੰ ਇਹਦੇ ਅਸਲੇ ਨਾਲ ਜੋੜਨ ਦਾ ਪਹਿਲਾ ਕਦਮ ਸਮੁੱਚੀ ਦਿਖਾਵੇਬਾਜ਼ੀ ਤੋਂ ਉੱਪਰ ਉੱਠ ਕੇ ਸਾਦਗੀ ਅਤੇ ਕਿਰਤ ਕਰਮ ਵਿਚ ਰੁੱਝ ਕੇ ਅਪਣਾਉਣ ਨਾਲ ਹੀ 'ਨਿਰਭਉ' ਅਤੇ 'ਨਿਰਵੈਰੁ' ਹੋ ਕੇ ਦੇਖਿਆ ਜਾ ਸਕਦਾ ਹੈ। ਜਿਥੇ ਜਾ ਕੇ ਉਚ-ਨੀਚ, ਵੱਡੇ-ਛੋਟੇ, ਇਸਤਰੀ-ਮਰਦ ਆਦਿ ਦੇ ਸਮੁੱਚੇ ਭੇਦ-ਭਾਵ ਮਿਟ ਜਾਣ ਜਾਂ ਖ਼ਤਮ ਹੋ ਜਾਣ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਹਿਬਾਨਾਂ ਨੇ ਵੀ ਆਪਣੇ ਆਪ ਲਈ 'ਮਹਲਾ' ਸ਼ਬਦ ਦੀ ਵਰਤੋਂ ਕੀਤੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮਹਲਾ' ਸ਼ਬਦ ਦੇ ਅਰਥ 'ਮੁਹੱਲਾ' ਬਿਲਕੁਲ ਵੀ ਨਹੀਂ ਹਨ, ਸਗੋਂ ਇਸਤਰੀ ਜਾਂ ਨਾਰੀ ਹੀ ਹਨ। *"ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰ ਰਤਨਕਾਰ ਮਹਾਨ ਕੋਸ਼ (1981, 1934) ਵਿਚ 'ਮਹਲਾ' ਦੇ ਅਰਥ ਮਹਿਲ ਵਿਚ ਰਹਿਣ ਵਾਲੀ ਇਸਤਰੀ, ਨਾਰੀ ਹੀ ਮੰਨੇ ਹਨ। ਸ੍ਰਿਸ਼ਟੀ ਦੀ ਸਿਰਜਨਾਤਮਕ ਸ਼ਕਤੀ ਦਾ ਅਨੁਭਵ ਇੱਕ ਸ਼ਿੱਦਤ ਭਰਪੂਰ ਇਸਤਰੀ ਹੋ ਕੇ ਹੀ ਕੀਤਾ ਜਾ ਸਕਦਾ ਹੈ, ਇਸ ਤੋਂ ਵੱਡਾ ਮਾਣ, ਇਤਿਹਾਸ ਵਿਚ ਇਸਤਰੀ ਨੂੰ ਕਿਸੇ ਗ੍ਰੰਥ ਜਾਂ ਲੇਖਕ ਨੇ ਨਹੀਂ ਦਿੱਤਾ"[10]* ਸੋ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਮੁੱਚੇ ਗੁਰੂ ਜੀਵਨ ਤੋਂ ਇਸਦੀ ਪ੍ਰੇਰਨਾ ਲਈ ਜਾ ਸਕਦੀ ਹੈ। ਕੁਝ ਸਵਾਲ ਇਸ ਪਰਚੇ ਰਾਹੀਂ ਆਪਣੇ ਆਪ ਨਾਲ ਜ਼ਰੂਰ ਕਰਿਓ, ਕਿ ਸਾਦਗੀ ਦਾ ਸਾਡੇ ਜੀਵਨ ਉੱਤੇ ਕਿੰਨਾ ਕੁ ਅਸਰ ਹੈ, ਦੂਸਰਾ ਇਹ ਕਿ ਕਿਰਤ ਕਰਮ ਵਿਚ ਅਸੀਂ ਕਿੰਨਾ ਕੁ ਰੁੱਝੇ ਰਹਿੰਦੇ ਹਾਂ, ਤੀਸਰਾ ਅਸੀਂ ਗੁਰੂ ਸਹਿਬਾਨਾਂ ਦੀਆਂ ਸ਼ਹਾਦਤਾਂ ਨਾਲ ਵਰੋਸਾਈ ਧਰਤੀ ਦੇ ਜੰਮੇ-ਜਾਏ ਵੀ ਜਾਂ ਫਿਰ ਗੁਰੂ ਦੇ ਸਿੱਖ ਹੋ ਕੇ ਵੀ, ਅਸੀਂ ਅੱਜ ਤੱਕ ਕਿੰਨੇ ਕੁ ਨਿਰਭਉ ਹੋਏ ਹਾਂ ਅਤੇ ਕਿੰਨੇ ਕੁ ਨਿਰਵੈਰ ਹੋ ਸਕੇ ਹਾਂ।

ਇਸੇ ਤਰ੍ਹਾਂ, ਦਿੱਬ ਦ੍ਰਿਸ਼ਟੀ ਦੇ ਮਾਲਕ ਭਾਈ ਗੁਰਦਾਸ ਨੇ ਖੁਲਾਸਾ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਸੰਸਾਰ ਵਿਚ ਆਉਣ ਨਾਲ ਇੱਕ ਨਵੇਂ ਯੁੱਗ ਦਾ ਆਰੰਭ ਹੁੰਦਾ ਹੈ, ਜਿੱਥੇ ਅਗਿਆਨਤਾ ਦੇ ਅੰਧੇਰੇ ਨੂੰ ਗਿਆਨ ਰੂਪੀ ਚਾਨਣ ਨੇ ਮਿਟਾ ਦਿੱਤਾ। ਗਿਆਨਹੀਣ ਮਨੁੱਖ ਕਰਮਕਾਂਡ ਨੂੰ ਹੀ ਧਰਮ ਮੰਨ ਲੈਂਦਾ ਹੈ ਅਤੇ ਭਟਕਣਾ ਵਿਚ ਪੈ ਜਾਂਦਾ ਹੈ ਜਦਕਿ ਗਿਆਨਵਾਨ ਮਨੁੱਖ ਟਿਕਾਉ ਵਾਲੀ ਸਹਿਜ ਅਵਸਥਾ ਵਿਚ ਟਿਕਿਆ ਰਹਿੰਦਾ ਹੈ, ਗਿਆਨ ਪ੍ਰਾਪਤੀ ਲਈ ਮਨ ਨੂੰ ਹਲੀਮੀ ਦਾ ਗੁਣ ਧਾਰਨ ਕਰਨਾ ਪਏਗਾ, ਅਜਿਹੇ ਮਨ ਰਾਹੀਂ ਹੀ ਗੁਰੂ ਤੋਂ ਗਿਆਨ ਪ੍ਰਾਪਤ ਹੋ ਸਕਦਾ ਹੈ, ਦੂਸਰੀ ਸ਼ਰਤ "ਭਾਉ" ਭਾਵ ਪ੍ਰੇਮ ਦੀ ਹੈ –

*"ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥"[11]*

ਗੁਰੂ ਨਾਨਕ ਦੀ ਸਿੱਖੀ ਦਾ ਮਾਰਗ ਪ੍ਰੇਮ ਦਾ ਮਾਰਗ ਹੈ, ਸੱਚ ਦਾ ਮਾਰਗ ਹੈ, *"ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥"[12]* ਸਿਰ ਤਲੀ ਤੇ ਧਰਨ ਦਾ ਮਾਰਗ ਹੈ। ਨਿਰਭਉ ਅਤੇ ਨਿਰਵੈਰਤਾ ਦਾ ਮਾਰਗ ਹੈ। ਜਿਸ ਦਾ ਪ੍ਰਥਮ ਐਲਾਨ ਹੀ *"ਨਾ ਹਮ ਹਿੰਦੂ ਨ ਮੁਸਲਮਾਨ"[13]* ਹੈ।

ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਨੇ ਮੁੰਦਾਵਣੀ ਰਾਹੀਂ ਜੀਵਨ ਮੁਕਤੀ ਦੀ ਜੁਗਤੀ ਦੱਸੀ ਹੈ, -

*"ਥਾਲ ਵਿਚ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*

*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥*

*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*

*ਏਹੁ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥*

*ਤਮ ਸੰਸਾਰੁ ਚਰਨ ਲਗਿ ਤਰੀਐ ਸਭੁ Nanak ਬ੍ਰਹਮ ਪਸਾਰੋ ॥"[14]*

ਉਪਰੋਕਤ ਦ੍ਰਿਸ਼ਟਾਂਤ ਰਾਹੀਂ ਹੀ ਜਿਹੜੇ ਗੁਣਾਂ ਦਾ ਹੋਣਾ ਬਹੁਤ ਲਾਜ਼ਮ ਹੈ, ਉਹ ਮਨੁੱਖ ਨੂੰ ਪਰਉਪਕਾਰੀ ਬਣਨ ਦੀ ਜਾਂਚ ਸਿਖਾਉਂਦੇ ਹਨ। ਇਹ ਪਰਉਪਕਾਰ ਹੀ ਹੈ, ਜਿਹੜਾ ਮਨੁੱਖ ਨੂੰ ਧਰਮ, ਧੀਰਜ, ਸਬਰ, ਸੰਤੋਖ ਦੇ ਨੇੜੇ ਰੱਖਦਾ ਹੈ, ਸੁਰਤਿ ਟਿਕਾਉ ਦੀ ਅਵਸਥਾ ਵਿਚ ਪਹੁੰਚਦੀ ਹੈ, ਸਹਿਜ ਦੀ ਪ੍ਰਾਪਤੀ ਹੋਵੇਗੀ। ਅਕਾਲ ਪੁਰਖ ਦੀ ਮਿਹਰ ਸਦਕਾ ਮਨੁੱਖ ਦੀ ਸੁਰਤਿ ਇਹੋ–ਜਿਹੇ ਖ਼ਿਆਲਾਂ ਨਾਲ ਜੁੜਦੀ ਹੈ, ਜਿਨ੍ਹਾਂ ਅੰਦਰ ਸੁਆਰਥ ਨਹੀਂ ਰਹਿੰਦਾ ਹੈ।

*"ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥"[15]*

ਇਸ ਤਰ੍ਹਾਂ, ਸ਼ਬਦ–ਗੁਰੂ ਰਾਹੀਂ ਚੇਤਨਾ ਦੀ ਪ੍ਰਚੰਡਤਾ ਨੂੰ ਪਹਿਲ ਦੇਣਾ ਹੀ ਧਰਮ ਨੂੰ ਅਮਲ 'ਚ ਲਿਆਉਣਾ ਹੈ। ਇਸ ਆਤਮਿਕ ਪੈਂਡੇ ਨੂੰ ਨਾਲ ਲੈ ਕੇ ਜਦੋਂ ਮਨੁੱਖ ਆਪਣਾ ਸਫ਼ਰ ਤਹਿ ਕਰਦਾ ਹੈ ਤਾਂ 'ਸਰਬੱਤ ਦੇ ਭਲੇ' ਦੀ ਉਸਾਰੂ ਦ੍ਰਿਸ਼ਟੀ ਦੀ ਉਚੇਚੇ ਤੌਰ 'ਤੇ ਸੋਝੀ ਪੈ ਜਾਂਦੀ ਹੈ ਅਤੇ 'ਕਿਰਤ ਕਰਨ, ਨਾਮ ਜਪਣ, ਵੰਡ ਛਕਣ' ਦਾ ਵਲ ਆ ਜਾਂਦਾ ਹੈ। ਸਭ ਥਾਂਈ ਸਿਰਜਣਹਾਰ ਦਿਸਦਾ ਹੈ। ਮਨ ਦਿਨੋ–ਦਿਨ ਸੋਹਣਾ ਹੁੰਦਾ ਹੈ। ਉੱਚੀ ਸੁਰਤਿ ਹੋਣ ਨਾਲ ਇਕ ਨਵੀਂ ਜਾਗ੍ਰਤੀ ਆਉਂਦੀ ਹੈ। ਜੀਵਨ ਜਿਉਣ ਦੀ ਕਲਾ ਦਾ ਭੇਦ ਬਿਲਕੁਲ ਨਵੇਂ–ਨਰੋਏ ਰੂਪ ਵਿਚ ਪ੍ਰਤੱਖ ਹੁੰਦਾ ਹੈ –

*"ਅੰਤੁ ਨ ਸਿਫਤੀ, ਕਹਣਿ ਨ ਅੰਤੁ ॥ ਅੰਤੁ ਨ ਕਰਣੈ, ਦੇਣਿ ਨ ਅੰਤੁ ॥*

*ਅੰਤੁ ਨ ਵੇਖਣਿ, ਸੁਣਣਿ ਨ ਅੰਤੁ ॥ ਅੰਤੁ ਨ ਜਾਪੈ, ਕਿਆ ਮਨਿ ਮੰਤੁ ॥"[16]*

ਇਸ ਤਰ੍ਹਾਂ, ਮਨੁੱਖ ਦੇ ਗੁਣ ਵੀ ਬੇਸੁਮਾਰ ਹੋ ਜਾਂਦੇ ਹਨ, ਅਕਾਲ ਪੁਰਖ ਦੀਆਂ ਬਖ਼ਸ਼ੀਆਂ ਦਾਤਾਂ ਅਤੇ ਗੁਣਾਂ ਦਾ ਕੋਈ ਅੰਤ ਨਹੀਂ ਰਹਿੰਦਾ ਹੈ। ਫਿਰ ਹੁਕਮਿ ਰਜਾਈ ਚਲਣਾ ਦੀ ਜਾਂਚ ਆ ਜਾਂਦੀ ਹੈ ਅਤੇ ਕੂੜ ਦਾ ਪਰਦਾ ਵੀ ਹਟ ਜਾਂਦਾ ਹੈ। ਅਸਲ ਧੁਰ ਤੋਂ ਪਈ ਵਿਥ ਦਾ ਖ਼ਾਤਮਾ ਹੋ ਜਾਂਦਾ ਹੈ, ਸੱਚ ਦਾ ਪ੍ਰਕਾਸ਼ ਆਪਣੇ ਨਾਲ ਲੈ ਤੁਰਦਾ ਹੈ –

*"ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥*

*ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥"[17]*

ਇਹੋ ਸੱਚ ਦਾ ਮਾਰਗ ਹੈ ਅਤੇ ਇਹੋ ਅਕਾਲ ਪੁਰਖ ਦੀ ਰਜ਼ਾ ਵਿਚ ਤੁਰਨ ਦਾ ਤਰੀਕਾ ਹੈ। ਏਥੇ ਹੀ ਬੇਪਰਵਾਹੀਆਂ ਅਤੇ ਪ੍ਰਸੰਨਤਾ ਹੈ ਏਥੇ ਹੀ ਜੀਵਨ ਵਿਚ ਸਦਾ ਲਈ ਖੇੜਾ ਹੈ। ਸਤਿਗੁਰੂ ਦੀ ਬਾਣੀ ਵਿਚੋਂ ਜੇ ਇਕ ਵਿਚਾਰ ਸੁਣ ਕੇ ਪੱਲੇ ਬੰਨ ਲਿਆ ਜਾਏ, ਤਾਂ ਬੁੱਧੀ ਮੋਤੀ, ਰਤਨ, ਜਵਾਹਰ ਦੇ ਸਮਾਨ ਉਪਜਦੀ ਹੈ –

*"ਮਤਿ ਵਿਚਿ ਰਤਨ ਜਵਾਹਰ ਮਾਣਿਕ, ਜੇ ਇਕ ਗੁਰ ਕੀ ਸਿਖ ਸੁਣੀ ॥"[18]*

ਜਿਸ ਨੇ ਸਰਬਵਿਆਪਕ ਅਕਾਲ ਪੁਰਖ ਦੇ ਇਸ ਭੇਦ ਨੂੰ ਜਾਣ ਲਿਆ ਕਿ ਇਕ ਰੱਬੀ ਜੋਤ ਨੇ ਹੀ ਸਭਨਾਂ ਨੂੰ ਰੌਸ਼ਨ ਕੀਤਾ ਹੈ, ਉਹ ਉਚਾ-ਨੀਵਾਂ, ਵੱਡਾ-ਛੋਟਾ ਹੋਣ ਨੂੰ ਭੁਲਾ ਦੇਵੇਗਾ, ਨਾ-ਬਰਾਬਰੀ ਨੂੰ ਖ਼ਤਮ ਕਰਕੇ ਬਰਾਬਰੀ ਨੂੰ ਜੀਵਨ ਅਮਲ 'ਚ ਲਿਆਏਗਾ। ਅਜਿਹਾ ਆਤਮ ਗਿਆਨ ਹੀ ਸਮਾਜਿਕ ਅਸੰਤੁਲਨ ਨੂੰ ਦੂਰ ਕਰਨ ਵਿਚ ਸਹਾਈ ਹੋਵੇਗਾ -

*"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥*

*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥*

*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥"[19]*

## ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ: ਜੀਵਨ ਤੇ ਸ਼ਹਾਦਤ

ਇਸ ਤਰ੍ਹਾਂ, ਹੁਣ ਅਸੀਂ ਇਸ ਪਰਚੇ ਰਾਹੀਂ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਨੂੰ ਆਧਾਰ ਬਣਾਇਆ ਹੈ ਪਰ ਗੁਰੂ ਜੀ ਦੇ ਜੀਵਨ ਦੀ ਸ਼ਾਨ ਦੇ ਨਾਲ ਨਾਮ-ਬਾਣੀ ਦੀ ਅਜ਼ਮਤ ਨੂੰ ਵੀ ਪਹਿਚਾਨਣਾ ਅਤਿ ਜ਼ਰੂਰੀ ਹੋਵੇਗਾ, ਤਾਂ ਜੋ ਗੁਰਬਾਣੀ ਅਤੇ ਅਧਿਆਤਮਕਤਾ ਦੇ ਮਾਰਗ ਰਾਹੀਂ ਵਾਸਤਵਿਕ ਜੀਵਨ ਜਾਂਚ ਵੀ ਜਾਣਿਆ ਜਾ ਸਕੇ।

ਗੁਰੂ ਤੇਗ਼ ਬਹਾਦਰ ਸਾਹਿਬ ਦਾ ਜਨਮ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਪਹਿਲੀ ਅਪ੍ਰੈਲ 1621 ਈ. ਨੂੰ ਅੰਮ੍ਰਿਤਸਰ (ਗੁਰੂ ਕੇ ਮਹਿਲ) ਪੰਜਾਬ ਵਿਖੇ ਹੋਇਆ। ਬਾਬਾ ਗੁਰਦਿੱਤਾ ਜੀ, ਸੂਰਜ ਮੱਲ ਜੀ, ਅਣੀ ਰਾਏ ਜੀ, ਅਟੱਲ ਰਾਏ ਜੀ ਭਰਾ ਅਤੇ ਬੀਬੀ ਵੀਰੋਂ ਜੀ ਆਪ ਜੀ ਦੇ ਭੈਣ ਜੀ ਸਨ। ਆਪ ਪੰਜਾਂ ਭੈਣ-ਭਰਾਵਾਂ ਵਿਚੋਂ ਸਭ ਤੋਂ ਛੋਟੇਂ ਸੰਤ ਸੁਭਾਅ ਵਾਲੇ, ਗੰਭੀਰ, ਵਿਚਾਰਵਾਨ, ਦਲੇਰ ਅਤੇ ਨਿਰਭੈ ਸਨ। ਆਪ ਜੀ ਦੀ ਪੜ੍ਹਾਈ ਅਤੇ ਸਿਖਲਾਈ ਗੁਰੂ ਪਿਤਾ ਦੀ ਦੇਖ-ਰੇਖ ਵਿਚ ਹੋਈ। ਧਰਮ ਗ੍ਰੰਥਾਂ ਦਾ ਗਿਆਨ, ਸ਼ਾਸਤਰ ਵਿਦਿਆ ਅਤੇ ਘੋੜ-ਸਵਾਰੀ ਵਿਚ ਹਾਸਿਲ ਮੁਹਾਰਤ ਨਾਲ 13-14 ਸਾਲ ਦੀ ਉਮਰ ਵਿਚ ਹੀ ਕਰਤਾਰਪੁਰ ਦੀ ਲੜਾਈ ਵਿਚ ਚੰਗੇ ਜ਼ੋਹਰ ਵਿਖਾਏ ਸੂਰਬੀਰਤਾ ਨਾਲ ਤਲਵਾਰ ਚਲਾਈ। ਆਪ ਜੀ ਦਾ ਪਹਿਲਾ ਨਾਂ ਤੇਗ਼ ਮੱਲ ਸੀ, ਪਰ ਕਰਤਾਰਪੁਰ ਦੀ ਜੰਗ ਉਪਰੰਤ ਤੇਗ਼ ਦੇ ਧਨੀ ਹੋਣ ਕਾਰਨ ਆਪ ਦਾ ਨਾਂ ਤੇਗ਼ ਬਹਾਦਰ ਪੈ ਗਿਆ।

ਆਪ ਜੀ ਦਾ ਵਿਆਹ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਦੇ ਨੇੜੇ ਪਿੰਡ ਲਖਨੌਰ ਨਿਵਾਸੀ ਲਾਲ ਚੰਦ ਖੱਤਰੀ ਅਤੇ ਮਾਤਾ ਬਿਸ਼ਨ ਕੌਰ ਜੀ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ 15 ਅੱਸੂ, 1632 ਈ. ਨੂੰ ਹੋਇਆ। ਵਿਆਹ ਉਪਰੰਤ ਕਰੀਬ 34 ਸਾਲ ਬਾਅਦ 22-12-1666 ਈ. ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਆਪ ਜੀ ਦੇ ਸਪੁੱਤਰ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾ ਜਨਮ ਹੋਇਆ। ਇਸ ਤੋਂ ਕੁੱਝ ਸਮਾਂ ਪਹਿਲਾ ਹੀ ਗੁਰੂ ਤੇਗ਼ ਬਹਾਦਰ ਜੀ ਨੂੰ 1664 ਈ. ਵਿਚ ਗੁਰਿਆਈ ਹਾਸਿਲ ਹੋਈ।

ਗੁਰੂ ਤੇਗ਼ ਬਹਾਦਰ ਜੀ 1644 ਈ. ਨੂੰ ਗੁਰੂ ਪਿਤਾ (ਸ੍ਰੀ ਗੁਰੂ ਹਰਿਗੋਬੰਦ ਸਾਹਿਬ ਜੀ) ਦੇ ਜੋਤੀ-ਜੋਤ ਸਮਉਣ ਉਪਰੰਤ, ਉਹਨਾਂ ਦੇ ਹੁਕਮ ਅਨੁਸਾਰ, ਮਾਤਾ Nanki ਜੀ ਅਤੇ ਸੁਪਤਨੀ ਗੁਜਰੀ ਜੀ ਦੇ ਸਮੇਤ ਬਕਾਲੇ ਆ ਕੇ ਰਹਿਣ ਲੱਗ ਪਏ। ਜੋ ਆਪ ਜੀ ਦਾ ਨਾਨਕਾ ਪਿੰਡ ਸੀ। ਏਥੇ ਆਪ ਜੀ ਆਪਣਾ ਵਧੇਰੇ ਸਮਾਂ ਨਾਮ-ਸਿਮਰਨ ਨੂੰ ਦਿੰਦੇ, ਭਜਨ-ਬੰਦਗੀ ਵਿਚ ਜੁੜੇ ਰਹਿੰਦੇ। ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ-ਜੋਤ ਸਮਾਉਣ ਸਮੇਂ ਬਚਨ ਕੀਤਾ-ਬਾਬਾ ਬਕਾਲਾ। ਉਦੋਂ ਧੀਰ ਮੱਲ ਅਤੇ ਹੋਰ ਸੋਢੀ ਸੰਗਤ ਨੂੰ ਗੁਮਰਾਹ ਕਰਦੇ ਹੋਏ ਆਪ ਹੀ ਗੁਰੂ ਬਣ ਬੈਠੇ ਅਤੇ 22 ਮੰਜੀਆਂ ਸਥਾਪਿਤ ਕੀਤੀਆ। ਉਦੋਂ ਹੀ ਮਾਰਚ 1665 ਵਿਚ ਗੁਰੂ ਦਾ ਇਕ ਸਿੱਖ ਮੱਖਣ ਸ਼ਾਹ ਲੁਬਾਣਾ ਪੰਜ ਸੌ ਮੁਹਰਾਂ ਦੀ ਕਾਰ ਭੇਟ ਲੈ ਕੇ ਬਕਾਲੇ ਪੁੱਜਾ। ਉਹ ਆਪੇ ਬਣੇ ਗੁਰੂਆਂ ਨੂੰ ਦੇਖ ਕੇ ਬੜਾ ਹੈਰਾਨ-ਪ੍ਰੇਸ਼ਾਨ ਹੋਇਆ ਸਭ ਦੇ ਅੱਗੇ ਦੋ-ਦੋ ਮੁਹਰਾਂ ਰੱਖ ਮੱਥਾ ਟੇਕਦਾ ਗਿਆ। ਸਾਰੇ ਗੁਰੂ ਖੁਸ਼ ਹੋ ਕੇ ਅਸੀਸ ਦਿੰਦੇ, ਪਰ ਗੁਰੂ ਦੇ ਪੂਰੇ ਸਿੱਖ ਦੀ ਤਸੱਲੀ ਨਾ ਹੋਈ, ਅਖੀਰ ਜਦੋਂ ਗੁਰੂ ਜੀ ਦੇ ਦਰਸ਼ਨਾਂ ਲਈ ਆਪਣੇ ਅੰਦਰੋਂ ਬੇਨਤੀਆਂ ਕਰਦਾ ਹੋਇਆ, ਲੋਕਾਂ ਕੋਲੋਂ ਪੁੱਛਦਾ ਹੋਇਆ ਉਸ ਥਾਂ ਪੁੱਜਾ, ਜਿੱਥੇ ਸੱਚੇ ਪਾਤਸ਼ਾਹ ਬਿਰਾਜ਼ਮਾਨ ਸਨ, ਦਰਸ਼ਨ ਪਾਉਂਦਿਆਂ ਹੀ ਅਜੀਬ ਸ਼ਾਤੀ ਮਹਿਸੂਸ ਕਰਦਾ ਹੈ। ਫਿਰ ਜਿਵੇਂ ਹੀ ਉਸ ਦੋ ਮੋਹਰਾਂ ਰੱਖ ਮੱਥਾ ਟੇਕਿਆ, ਗੁਰੂ ਤੇਗ਼ ਬਹਾਦਰ ਜੀ ਨੇ ਮੁਸਕਰਾ ਕੇ ਆਖਿਆ, "ਗੁਰੂ ਦੀ ਅਮਾਨਤ ਦਿੱਤੀ ਹੀ ਚੰਗੀ ਹੁੰਦੀ ਹੈ। ਇਹ ਦੋ ਕਿਉਂ?" ਸੁਣਦਿਆਂ ਹੀ ਭਾਈ ਸਾਹਿਬ ਦੀ ਤਸੱਲੀ ਹੋ ਗਈ ਅਤੇ ਝੱਟ ਪੰਜ ਸੌ ਮੋਹਰਾਂ ਪੂਰੀਆਂ ਮੱਥਾ ਟੇਕ ਦਿੱਤੀਆ, ਫਿਰ ਕੋਠੇ ਚੜ੍ਹ ਕੇ ਪੱਲਾ ਫੇਰਿਆ, ਉੱਚੀ-ਉੱਚੀ ਹੋਕਾ ਦਿੱਤਾ 'ਗੁਰ ਲਾਧੋ ਰੇ' 'ਗੁਰ ਲਾਧੋ ਰੇ'। ਉਹਨੂੰ ਇਨ੍ਹਾਂ ਚਾਅ ਚੜ੍ਹਿਆ ਦੇਖ ਸੰਗਤਾਂ ਹੁਮ-ਹੁਮਾ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਪਹੁੰਚਣ ਲੱਗੀਆ।

ਇਸ ਤਰ੍ਹਾਂ, ਆਪ ਜੀ ਸੰਗਤ ਵਿਚ ਪ੍ਰਗਟ ਹੋਏ ਅਤੇ ਗੱਦੀ ਦੀ ਜ਼ਿੰਮੇਵਾਰੀ ਸੰਭਾਲੀ। ਕੁਝ ਚਿਰ ਬਕਾਲੇ ਰਹਿਣ ਪਿੱਛੋਂ ਆਪ ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ ਅਤੇ ਅੰਮ੍ਰਿਤਸਰ ਆਦਿਕ ਗੁਰਧਾਮਾਂ ਦੀ ਯਾਤਰਾ ਕਰਦੇ ਹਨ। ਜਦ ਉਹਨਾਂ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕੀਤਾ ਤਾਂ ਅੱਗੋਂ ਮਸੰਦਾਂ, ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਲਏ, ਬਾਹਰੋਂ ਮੱਥਾ ਟੇਕ ਗੁਰੂ ਜੀ ਅਕਾਲ-ਤਖ਼ਤ ਲਾਗੇ 'ਥੜਾ ਸਾਹਿਬ' ਉੱਤੇ ਬੈਠੇ, ਪਰ ਛੇਤੀ ਹੀ ਉੱਥੋਂ ਚੱਲ ਪਏ। ਫਿਰ ਉਹ ਜਦ ਕੀਰਤਪੁਰ ਪੁੱਜੇ ਤਾਂ ਕਹਿਲੂਰ ਦੇ ਰਾਜੇ ਦੀਪ ਚੰਦ ਕੋਲੋ ਕੁਝ ਪਿੰਡਾਂ ਦੀ ਜ਼ਮੀਨ 2200 ਰੁਪਏ ਵਿਚ ਖਰੀਦ ਕੇ ਇਕ ਪਿੰਡ ਵਸਾਇਆ, ਜਿਹਦਾ ਪਹਿਲਾਂ ਨਾਂ ਚੱਕ ਨਾਨਕੀ ਰੱਖਿਆ, ਜੋ ਬਾਅਦ ਵਿਚ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ। ਏਥੇ ਹੀ ਕਸ਼ਮੀਰ ਦੇ ਪੰਡਿਤ ਕਿਰਪਾ ਰਾਮ ਨੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਤੰਗ ਆ ਕੇ ਬਾਂਹ ਪਕੜਨ ਦੀ ਬੇਨਤੀ ਕੀਤੀ, ਗੁਰੂ ਜੀ ਨੇ ਬਖ਼ਸ਼ਿਸ਼ ਕਰਦਿਆਂ ਫੁਰਮਾਇਆ 'ਬਾਹਿ ਜਿਨਾ ਦੀ ਪਕੜੀਐ; ਸਿਰ ਦੀਜੈ ਬਾਹ ਨਾ ਛੋੜੀਐ'। ਗੋਬਿੰਦ ਰਾਏ ਉਦੋਂ ਨੌ ਸਾਲ ਦੇ ਸਨ, ਜਿਨ੍ਹਾਂ ਨੇ ਗੁਰੂ ਪਿਤਾ ਨੂੰ ਕਸ਼ਮੀਰੀ ਪੰਡਿਤਾਂ ਦੀ ਸਹਾਇਤਾ ਲਈ ਆਖਿਆ। ਗੁਰੂ ਜੀ ਨੇ ਸਾਰੀ ਗੱਲ ਸੁਣ ਕੇ ਪੰਡਿਤ ਕਿਰਪਾ ਰਾਮ ਅਤੇ ਉਹਦੇ ਸਾਥੀਆਂ ਨੂੰ ਆਖ ਦਿੱਤਾ ਕਿ ਗਵਰਨਰ ਇਫ਼ਤਿਖਾਰ ਖਾਂ ਨੂੰ ਦੱਸ ਦਿਓ ਕਿ ਪਹਿਲਾ ਸਾਡੇ ਆਗੂ ਗੁਰੂ ਤੇਗ਼ ਬਹਾਦਰ ਜੀ ਨੂੰ ਇਸਲਾਮ ਵਿਚ ਲੈ ਆਉ ਅਤੇ ਅਸੀਂ ਉਹਨਾਂ ਦੇ ਪਿੱਛੇ ਆ ਜਾਵਾਂਗੇ। ਉਪਰੰਤ, ਜਦ ਸੂਬੇ ਦੇ ਗਵਰਨਰ ਇਫ਼ਤਿਖਾਰ ਖਾਂ ਨੂੰ ਦੱਸਿਆ ਗਿਆ, ਉਹਨੇ ਇਹ ਸੁਨੇਹਾ ਆਪ ਜਾ ਕੇ ਔਰੰਗਜ਼ੇਬ ਨੂੰ ਦਿੱਤਾ। ਇਸ ਤਰ੍ਹਾਂ, ਔਰੰਗਜ਼ੇਬ ਤੁਰੰਤ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੰਦਾ ਹੈ। ਗਿਆਰਾਂ ਨਵੰਬਰ 1675 ਈ. ਨੂੰ ਗੁਰੂ ਜੀ ਆਪਣੇ ਤਿੰਨ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਪੁੱਜੇ। ਜਿੱਥੇ ਚਾਂਦਨੀ ਚੌਕ ਵਿਚ ਸ਼ਹਾਦਤ ਦਾ ਜਾਮ ਪੀਤਾ। ਇਸ ਅਸਥਾਨ ਉੱਤੇ ਹੁਣ ਗੁਰਦੁਆਰਾ ਸੀਸ ਗੰਜ ਬਣਿਆ ਹੋਇਆ ਹੈ।

ਬਾਅਦ ਵਿਚ ਸਰਕਾਰੀ ਠੇਕੇਦਾਰ ਲੱਖੀ ਸ਼ਾਹ ਅਤੇ ਉਹਦੇ ਪੁੱਤਰਾਂ ਭਾਈ ਨਿਗਾਈਆ, ਭਾਈ ਊਦਾ ਅਤੇ ਭਾਈ ਗੁਰਦਿੱਤਾ ਨੇ ਗੁਰੂ ਜੀ ਦਾ ਧੜ ਰੂੰ ਵਾਲੇ ਗੱਡੇ ਵਿਚ ਰੱਖ ਲਿਆ ਅਤੇ ਆਪਣੇ ਘਰ ਲਿਜਾ ਕੇ, ਸਮਾਨ ਸਮੇਤ ਘਰ ਨੂੰ ਅੱਗ ਲਗਾ ਦਿੱਤੀ। ਇਸ ਤਰ੍ਹਾਂ, ਗੁਰੂ ਜੀ ਦੀ ਪਾਵਨ ਦੇਹ ਦਾ ਸੰਸਕਾਰ ਕਰ ਕੇ ਸ਼ੁਕਰਾਨਾ ਕੀਤਾ। ਦੂਸਰਾ, ਭਾਈ ਜੈਤਾ ਜੀ ਗੁਰੂ ਜੀ ਦੇ ਸੀਸ ਦੀ ਥਾਂ ਹੋਰ ਸੀਸ (ਆਪਣੇ ਪਿਤਾ ਦੀ ਸਹਿਮਤੀ ਦੇ ਨਾਲ ਸੀਸ ਕੱਟ) ਰੱਖ ਕੇ ਗੁਰੂ ਜੀ ਦਾ ਸੀਸ ਚੁੱਕ ਚਾਂਦਨੀ ਚੌਕ ਤੋਂ ਅਨੰਦਪੁਰ ਸਾਹਿਬ ਵੱਲ ਚੱਲ ਪਿਆ। ਫਿਰ ਦਸ਼ਮੇਸ਼ ਪਿਤਾ ਸੰਗਤਾਂ ਸਮੇਤ ਕੀਰਤਪੁਰ ਪੁੱਜੇ, ਸਤਿਕਾਰ ਸਹਿਤ ਮਾਤਾ ਗੁਜਰੀ ਜੀ ਅਤੇ ਸੰਗਤਾਂ

ਗੁਰੂ ਜੀ ਦੇ ਸੀਸ ਨੂੰ ਮੱਥਾ ਟੇਕ ਕੇ, ਅਨੰਦਪੁਰ ਲੈ ਆਈਆਂ ਅਤੇ ਉਥੇ ਚੰਦਨ ਦੀ ਚਿਖਾ ਬਣਾ ਕੇ ਉਨ੍ਹਾਂ ਦੇ ਸੀਸ ਦਾ ਸੰਸਕਾਰ ਕਰ ਦਿੱਤਾ। ਭਾਈ ਜੈਤਾ ਜੀ ਦੀ ਦਲੇਰੀ ਅਤੇ ਬਹਾਦਰੀ ਨੂੰ ਦੇਖਦਿਆਂ ਦਸਵੇਂ ਨਾਨਕ ਦਸ਼ਮੇਸ਼ ਪਿਤਾ ਨੇ ਵਰ ਦਿੱਤਾ ਕਿ "ਰੰਗਰੇਟੇ ਗੁਰੂ ਕੇ ਬੇਟੇ"। ਬਾਅਦ ਵਿਚ ਲੱਖੀ ਸ਼ਾਹ ਦੇ ਘਰ ਦੀ ਥਾਂ ਉੱਤੇ ਗੁਰਦੁਆਰਾ ਰਕਾਬ ਗੰਜ ਬਣਾਇਆ ਗਿਆ।

ਨੌਵੇਂ ਨਾਨਕ ਗੁਰੂ ਤੇਗ਼ ਬਹਾਦਰ ਜੀ ਦੀ ਅਜ਼ਮਤ, ਨਾਮ ਬਾਣੀ, ਤਪੱਸਿਆ ਤਿਆਗ ਅਤੇ ਵੈਰਾਗਮਈ ਜੀਵਨ ਆਪਣੇ ਆਪ ਵਿਚ ਉਦੋਂ ਬੇਮਿਸਾਲ ਹੋ ਜਾਂਦਾ ਹੈ ਜਦੋਂ ਆਪਣੀ ਸ਼ਹਾਦਤ ਰਾਹੀਂ ਔਰੰਗਜ਼ੇਬ ਨੂੰ: *'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥'[20]* ਦੇ ਵੱਡੇ ਆਦਰਸ਼ ਨਾਲ ਆਪਣਾ ਬਲੀਦਾਨ ਤੱਕ ਦੇ ਦਿੰਦੇ ਹਨ ਅਤੇ ਉਦੋਂ ਗੁਰੂ ਸਾਹਿਬ ਦੇ ਨਾਲ ਗੁਰੂ ਦੇ ਸਿੱਖਾਂ ਨੇ ਵੀ ਉਪਰੋਕਤ ਅਨੁਸਾਰ ਕੁਰਬਾਨੀ ਕੀਤੀ।

## ਨਿਸ਼ਕਰਸ਼

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਵਰਤਮਾਨ ਸੰਦਰਭ ਵਿਚ ਗੁਰੂ ਸਾਹਿਬ ਨੂੰ ਗੁਰਬਾਣੀ ਰਾਹੀਂ ਸਮਝਿਆ ਜਾਣਾ ਅਤੇ ਉਹਨਾਂ ਦੀਆਂ ਸਿਖਿਆਵਾਂ ਨੂੰ ਜੀਵਨ ਅਮਲ 'ਚ ਲਿਆਉਣਾ ਚਾਹੀਦਾ ਹੈ, ਪਰੰਤੂ ਇਸ ਦੇ ਲਈ ਪੰਜਾਬੀ ਭਾਸ਼ਾ ਦੀ ਗਹਿਰਾਈ ਭਰਪੂਰ ਸਮਝ ਹੋਣੀ ਵੀ ਅਤਿ ਜ਼ਰੂਰੀ ਹੈ, ਅਸੀਂ ਤਾਂ ਹੀ ਗੁਰੂ ਦੇ ਮਾਰਗ ਤੇ ਚੱਲਣ ਦੇ ਯੋਗ ਹੋਵਾਂਗੇ। ਗੁਰੂ ਨਾਨਕ ਸਾਹਿਬ ਦੀ ਸ਼ੁਰੂ ਕੀਤੀ ਅਤੇ ਦਸਵੇਂ ਗੁਰੂ ਸਹਿਬਾਨ ਤੱਕ ਜੀਵਨ ਅਮਲ ਵਿਚ ਲਿਆਦੀਂ ਜਾਤ–ਪਾਤ ਅਤੇ ਊਚ–ਨੀਚ ਦੇ ਭੇਦ ਤੋਂ ਉਪਰ ਉੱਠ ਕੇ ਜੀਵਨ ਜਿਉਣ ਦੀ ਸਿੱਖਿਆ ਨੂੰ ਸਦਾ ਚੇਤੇ ਰੱਖਣਾ ਹੋਵੇਗਾ; ਇਸਦੇ ਨਾਲ ਹੀ, ਪ੍ਰੇਮ ਦਾ ਅਨੁਭਵ ਕਰਨਾ ਅਤਿ ਜ਼ਰੂਰੀ ਹੈ –

*"ਸਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥"[21]*

ਸੋ, ਪ੍ਰੇਮ ਦਾ ਮਾਰਗ ਹੀ ਗੁਰੂ ਦਾ ਮਾਰਗ ਹੈ। ਗੁਰਬਾਣੀ ਅਧਿਆਤਮਕਤਾ ਮਨੁੱਖ ਨੂੰ ਬਾਹਰੀ ਆਡੰਬਰਾਂ ਅਤੇ ਪਦਾਰਥਕ ਦੌੜ ਤੋਂ ਮੁਕਤ ਕਰਕੇ ਇੱਕ ਸੱਚੀ, ਸਰਲ ਅਤੇ ਪਰਉਪਕਾਰੀ ਜੀਵਨ-ਜਾਚ ਪ੍ਰਦਾਨ ਕਰਦੀ ਹੈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਪੂਰਾ ਜੀਵਨ, ਬਾਣੀ ਅਤੇ ਲਾਸਾਨੀ ਸ਼ਹਾਦਤ ਇਸੇ ਅਧਿਆਤਮਿਕ ਮਾਰਗ ਦੀ ਸਰਵਉੱਚ ਵਾਸਤਵਿਕ ਮਿਸਾਲ ਹੈ, ਜੋ ਸਾਨੂੰ 'ਨਿਰਭਉ' ਅਤੇ 'ਨਿਰਵੈਰ' ਹੋ ਕੇ ਮਨੁੱਖਤਾ ਦੇ ਸਰਬੱਤ ਦੇ ਭਲੇ ਲਈ ਜਿਉਣ ਦੀ ਅਮਲੀ ਪ੍ਰੇਰਨਾ ਦਿੰਦੀ ਹੈ।

## ਹਵਾਲੇ ਅਤੇ ਪੁਸਤਕਾਂ (References)


[1]. ਗੁਰਮੁਖ ਸਿੰਘ ਡਾ. (ਸੰਪਾ.), ਪ੍ਰੋਫ਼ੈਸਰ ਗੁਲਵੰਤ ਸਿੰਘ ਰਚਨਾਵਲੀ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ – 510

[2]. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ - 1

[3]. ਉਹੀ, ਅੰਗ - 4

[4]. ਕਿਸ਼ਨ ਸਿੰਘ ਪ੍ਰੋਫ਼ੈਸਰ, ਸਚੁ ਪੁਰਾਣਾ ਨਾ ਥੀਐ, ਸਿੰਘ ਬ੍ਰਦਰਜ਼, ਮਾਈ ਸੇਵਾ, ਅੰਮ੍ਰਿਤਸਰ, ਨਵੰਬਰ 1991, ਪੰਨਾ - 153

[5]. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ - 1380

[6]. ਉਹੀ, ਅੰਗ - 1383

[7]. ਉਹੀ, ਅੰਗ - 5

[8]. ਉਹੀ, ਅੰਗ - 339

[9]. ਉਹੀ, ਅੰਗ - 8

[10]. ਰਵਿੰਦਰ ਸਿੰਘ ਭੱਠਲ ਪ੍ਰੋ. ਅਤੇ ਹੋਰ (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਾਸਾਰ, ਪੰਜਾਬੀ ਸਾਹਿੱਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, 2005, ਪੰਨਾ - 20

[11]. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ - 2

[12]. ਉਹੀ, ਅੰਗ - 1410

[13]. ਉਹੀ, ਅੰਗ - 1136

[14]. ਉਹੀ, ਅੰਗ - 1429

[15]. ਉਹੀ, ਅੰਗ - 938

[16]. ਉਹੀ, ਅੰਗ - 5

[17]. ਉਹੀ, ਅੰਗ - 1

[18]. ਉਹੀ, ਅੰਗ - 9

[19]. ਉਹੀ, ਅੰਗ - 15

[20]. ਉਹੀ, ਅੰਗ - 1426

[21]. ਦਸਮ ਗ੍ਰੰਥ, ਅਕਾਲ ਉਸਤਤ

***Cite this Article:***

***ਬੇਅੰਤ ਕੌਰ****. (2026).* ***ਗੁਰਬਾਣੀ ਅਧਿਆਤਮਕਤਾ, ਵਾਸਤਵਿਕ ਜੀਵਨ-ਜਾਚ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ****. International Journal of Multidisciplinary Research in Arts, Science and Technology (IJMRAST), 4(5), 1–7.*

***Journal URL:*** *https://ijmrast.com/* ***DOI:*** *https://doi.org/10.59828/ijmrast.v4i5.277*

This work is licensed under a Creative Commons Attribution-Non-Commercial 4.0 International License.

© The Author(s) 2026. IJMRAST Published by Surya Multidisciplinary Publication.